# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
## ਐਸ.ਸੀ.ਓ. ਨੰ: 104–106, ਦੂਜੀ–ਤੀਜੀ ਮੰਜ਼ਿਲ, ਸੈਕਟਰ–34ਏ, ਚੰਡੀਗੜ੍ਹ।

ਸੇਵਾ ਵਿਖੇ,

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ), ਪੰਜਾਬ।
2. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ), ਪੰਜਾਬ।

ਮੀਮੋ ਨੰ: E-Media/2010/VEDC/30340-379
ਮਿਤੀ, ਚੰਡੀਗੜ੍ਹ: 19/03/2010

ਵਿਸ਼ਾ: **ਸਰਵ ਸਿੱਖਿਆ ਅਭਿਆਨ ਤਹਿਤ ਸਰਕਾਰੀ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਵਿਚ ਬਣੀਆਂ/ ਬਣਾਏ ਜਾਣ ਵਾਲੀਆਂ ਪੇਂਡੂ ਸਿੱਖਿਆ ਵਿਕਾਸ ਕਮੇਟੀਆਂ ਸਬੰਧੀ ਕੁੱਝ ਵਿਸ਼ੇਸ਼ ਗਾਈਡ–ਲਾਈਨਜ਼/ ਹਦਾਇਤਾਂ।**

1.0 ਸਰਵ ਸਿੱਖਿਆ ਅਭਿਆਨ ਦੇ ਮੁੱਢ ਤੋਂ ਆਪ ਸਭ ਨੂੰ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਵਿਚ ਪੇਂਡੂ ਸਿੱਖਿਆ ਵਿਕਾਸ ਕਮੇਟੀਆਂ ਦੇ ਗਠਨ ਅਤੇ ਉਨ੍ਹਾਂ ਦੇ ਕੰਮਾਂ–ਕਾਜਾਂ ਬਾਰੇ ਲਿਖਿਆ ਜਾਂਦਾ ਰਿਹਾ ਹੈ। ਭਾਵੇਂ ਕਿ ਇਨ੍ਹਾਂ ਕਮੇਟੀਆਂ ਦੀ ਬਣਤਰ ਸਮੂਹ ਸਕੂਲਾਂ ਵਿਚ ਹੋ ਚੁੱਕੀ ਹੈ ਪਰ ਫਿਰ ਵੀ ਵੱਖ–ਵੱਖ ਸਮੇਂ ਤੇ ਸਕੂਲ ਮੁੱਖੀਆਂ ਜਾਂ ਗ੍ਰਾਮ ਪੰਚਾਇਤਾਂ ਵੱਲੋਂ ਕੋਈ ਨਾ ਕੋਈ ਸ਼ਿਕਾਇਤ ਮੁੱਖ ਦਫ਼ਤਰ ਵਿਖੇ ਪ੍ਰਾਪਤ ਹੁੰਦੀ ਰਹਿੰਦੀ ਹੈ। ਇਨ੍ਹਾਂ ਸ਼ਿਕਾਇਤਾਂ ਦੇ ਨਿਵਾਰਣ ਲਈ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਸੁਝਾਅ ਵੀ ਭੇਜੇ ਜਾਂਦੇ ਰਹੇ ਹਨ।

2.0 ਸਮੂਹ ਸ਼ਿਕਾਇਤਾਂ ਅਤੇ ਸੁਝਾਵਾਂ ਨੂੰ ਮੱਦੇ–ਨਜ਼ਰ ਰੱਖਦਿਆਂ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਵਿਚ ਬਣੀਆਂ/ ਬਣਾਈਆਂ ਜਾਣ ਵਾਲੀਆਂ ਪੇਂਡੂ ਸਿੱਖਿਆ ਵਿਕਾਸ ਕਮੇਟੀਆਂ ਬਾਬਤ ਕੁੱਝ ਵਿਸ਼ੇਸ਼ ਗਾਈਡ–ਲਾਈਨਜ਼ ਹੇਠ ਅਨੁਸਾਰ ਆਪ ਸਭ ਨੂੰ ਭੇਜੀਆਂ ਜਾਂਦੀਆਂ ਹਨ:

### <u>ਐਸ.ਐਸ.ਏ. ਅਧੀਨ ਪ੍ਰਾਇਮਰੀ/ ਅੱਪਰ ਪ੍ਰਾਇਮਰੀ ਸਕੂਲਾਂ ਲਈ ਪਸਵਕ ਕਮੇਟੀ ਦੀ ਬਣਤਰ</u> :

**<u>Exofficio Members</u>:**

- **ਸਕੂਲ ਹੈੱਡਮਾਸਟਰ/ ਪ੍ਰਿੰਸੀਪਲ : ਮੈਂਬਰ ਸਕੱਤਰ**
- **ਸੀਨੀਅਰ ਸਕੂਲ ਅਧਿਆਪਕ : ਮੈਂਬਰ**

**<u>Non-official Members</u>:**

- **ਲੋਕਲ ਪਿੰਡ ਦੇ ਦੋ ਪੰਚਾਇਤ ਮੈਂਬਰ : ਮੈਂਬਰ**
  (ਘੱਟੋ–ਘੱਟ ਇੱਕ ਫੀਮੇਲ)
- **ਦੋ ਪੀ.ਟੀ.ਏ. ਮੈਂਬਰ : ਮੈਂਬਰ**
  (ਘੱਟੋ–ਘੱਟ ਇੱਕ ਫੀਮੇਲ)
- **ਸਾਬਕਾ ਫੌਜੀ : ਮੈਂਬਰ**

- ਇੱਕ ਰਿਟਾਇਰਡ ਅਧਿਆਪਕ : ਮੈਂਬਰ
- ਦਾਨੀ ਪੁਰਸ਼ : ਮੈਂਬਰ

## ਹਦਾਇਤਾਂ :

**(i)** ਕਮੇਟੀ ਦੇ ਚੇਅਰਮੈਨ ਦੀ ਚੋਣ ਐਕਸ-ਓਫੀਸ਼ੀਓ ਮੈਂਬਰਜ਼ ਨੂੰ ਛੱਡ ਕੇ ਬਾਕੀ ਸਾਰੇ ਮੈਂਬਰਾਂ ਦੀ ਬਹੁਮੱਤ ਨਾਲ ਆਪਸ ਵਿੱਚੋਂ ਹੀ ਕੀਤੀ ਜਾਵੇਗੀ।

**(ii)** ਪੰਚਾਇਤ ਮੈਂਬਰਜ਼ ਦੀ ਨਾਮਜ਼ਦਗੀ ਪੰਚਾਇਤ ਵਲੋਂ ਮਤਾ ਪਾਸ ਕਰਕੇ ਸਕੂਲ ਮੁੱਖੀ ਨੂੰ ਭੇਜੀ ਜਾਵੇਗੀ।ਪੰਚਾਇਤ ਮੈਂਬਰਜ਼ ਉਨ੍ਹੇਂ ਸਮੇਂ ਤੱਕ ਹੀ ਇਸ ਕਮੇਟੀ ਦੇ ਮੈਂਬਰ ਰਹਿਣਗੇ ਜਦੋਂ ਤੱਕ ਉਸ ਪੰਚਾਇਤ ਦਾ ਕਾਰਜਕਾਲ ਚਲੇਗਾ। ਨਵੀਂ ਪੰਚਾਇਤ ਬਣਨ ਦੇ ਨਾਲ ਪੰਚਾਇਤ ਮੈਂਬਰਜ਼ ਦੀਆਂ ਨਵੀਆਂ ਨਾਮਜ਼ਦਗੀਆਂ ਕੀਤੀਆਂ ਜਾਣਗੀਆਂ।

**(iii)** ਪੀ.ਟੀ.ਏ ਮੈਂਬਰਜ਼ ਦੀ ਨਾਮਜ਼ਦਗੀ ਸਕੂਲ ਦੀ ਪੀ.ਟੀ.ਏ. ਵੱਲੋਂ ਆਪਸੀ ਮਤਾ ਪਾਸ ਕਰਕੇ ਕੀਤੀ ਜਾਵੇਗੀ। ਸਿਰਫ ਉਹੀ ਪੀ.ਟੀ.ਏ. ਮੈਂਬਰ ਪਸਵਕ ਦਾ ਹਿੱਸਾ ਹੋਣਗੇ ਜਿਨ੍ਹਾਂ ਦੇ ਬੱਚੇ ਸਕੂਲ ਵਿਚ ਪੜ੍ਹਦੇ ਹੋਣ। ਪੀ.ਟੀ.ਏ. ਮੈਂਬਰਜ਼ ਦੀ ਮੈਂਬਰਸ਼ਿਪ ਉਦੋਂ ਤੱਕ ਹੀ ਪੇਂਡੂ ਸਿੱਖਿਆ ਵਿਕਾਸ ਕਮੇਟੀ ਵਿੱਚ ਰਹੇਗੀ ਜਦੋਂ ਤੱਕ ਉਹ ਪੀ.ਟੀ.ਏ ਦੇ ਮੈਂਬਰ ਹੋਣਗੇ।

**(iv)** ਸਾਬਕਾ ਫੌਜੀ, ਦਾਨੀ ਸੱਜਣ, ਰਿਟਾਇਰਡ ਅਧਿਆਪਕ ਅਤੇ ਸਕੂਲ ਦੇ ਸੀਨੀਅਰ ਮੋਸਟ ਅਧਿਆਪਕ ਦੀ ਨਾਮਜ਼ਦਗੀ ਸਕੂਲ ਮੁੱਖੀ ਵੱਲੋਂ ਕੀਤੀ ਜਾਵੇਗੀ। ਸਾਬਕਾ ਫੌਜੀ ਲਈ highest ranking ਅਤੇ length of service ਨੂੰ ਤਰਜੀਹ ਦਿੱਤੀ ਜਾਵੇਗੀ। ਦਾਨੀ ਸੱਜਣ ਵਜੋਂ ਪਸਵਕ ਕਮੇਟੀ ਵਿਚ ਉਸ ਪਿੰਡ ਵਾਸੀ ਨੂੰ ਨਾਮਜ਼ਦ ਕੀਤਾ ਜਾਵੇਗਾ ਜਿਸ ਨੇ ਸਕੂਲ ਲਈ ਸਭ ਤੋਂ ਵੱਧ ਰਾਸ਼ੀ ਦਾਨ ਕੀਤੀ ਹੋਵੇ।ਰਿਟਾਇਰਡ ਅਧਿਆਪਕ ਦੀ ਨਾਮਜ਼ਦਗੀ ਲਈ ਪਿੰਡ ਜਾਂ ਵਾਰਡ ਦੇ ਅਜਿਹੇ ਰਿਟਾਇਰਡ ਅਧਿਆਪਕ ਨੂੰ ਵਿਚਾਰਿਆ ਜਾਵੇਗਾ ਜੋ ਕੇਡਰ ਵਿਚ ਸੀਨੀਅਰ ਰਿਹਾ ਹੋਵੇ।

**(v)** ਸਕੂਲ ਮੁੱਖੀ ਤੋਂ ਇਲਾਵਾ ਸਕੂਲ ਸਟਾਫ ਵਿਚੋਂ ਸਭ ਤੋਂ ਸੀਨੀਅਰ ਅਧਿਆਪਕ ਵੀ ਪਸਵਕ ਕਮੇਟੀ ਦਾ ਮੈਂਬਰ ਹੋਵੇਗਾ। ਸਕੱਤਰ ਦੀ ਗ਼ੈਰ-ਹਾਜ਼ਰੀ ਵਿਚ ਇਹ ਅਧਿਆਪਕ ਸਕੱਤਰ ਵਜੋਂ ਕੰਮ ਕਰਨ ਲਈ ਅਖਤਿਆਰਤ ਹੋਵੇਗਾ।

**(vi)** ਪੇਂਡੂ ਸਿੱਖਿਆ ਵਿਕਾਸ ਕਮੇਟੀ ਦੀ ਤਜਵੀਜ਼ ਸਕੂਲ ਮੁੱਖੀ ਵੱਲੋਂ ਜ਼ਿ.ਸਿ.ਅ (ਐ.ਸਿ) ਨੂੰ ਪ੍ਰਵਾਨਗੀ ਲਈ ਭੇਜੀ ਜਾਵੇਗੀ।

**(vii)** ਜਿ.ਸਿ.ਅ (ਐ.ਸਿ) ਇਸ ਤਜਵੀਜ਼ ਨੂੰ ਪ੍ਰਵਾਨ ਕਰਕੇ ਸਕੂਲ ਮੁੱਖੀ ਨੂੰ ਵਾਪਸ ਭੇਜਣਗੇ।

**(viii)** ਪੇਂਡੂ ਸਿੱਖਿਆ ਵਿਕਾਸ ਕਮੇਟੀ ਦਾ ਕਾਰਜਕਾਲ ਜ਼ਿ.ਸਿ.ਅ (ਐ.ਸਿ) ਦੀ ਪ੍ਰਵਾਨਗੀ ਦੀ ਮਿਤੀ ਤੋਂ ਤਿੰਨ ਸਾਲ ਤੱਕ ਦਾ ਹੋਵੇਗਾ।

**(ix)** ਪੇਂਡੂ ਸਿੱਖਿਆ ਵਿਕਾਸ ਕਮੇਟੀ ਆਪਸੀ ਮਤਾ ਪਾ ਕੇ ਕਿਸੇ ਵੀ ਅਯੋਗ ਮੈਂਬਰ ਨੂੰ ਬਦਲ ਸਕਦੀ ਹੈ ਪਰ ਇਹ ਬਦਲੀ ਜ਼ਿ.ਸਿ.ਅ (ਐ.ਸਿ) ਦੀ ਪ੍ਰਵਾਨਗੀ ਨਾਲ ਹੀ ਕੀਤੀ ਜਾਵੇਗੀ।

**(x)** ਜੇਕਰ ਕਮੇਟੀ ਦਾ ਕੋਈ ਮੈਂਬਰ ਲਗਾਤਾਰ ਤਿੰਨ ਮੀਟਿੰਗਾਂ ਵਿੱਚ ਹਾਜ਼ਰ ਨਹੀਂ ਹੁੰਦਾ ਤਾਂ ਉਸ ਦੀ ਮੈਂਬਰਸ਼ਿਪ ਖਤਮ ਕਰਕੇ ਉਸ ਦੀ ਥਾਂ ਤੇ ਨਵਾਂ ਮੈਂਬਰ ਨਾਮਜ਼ਦ ਕੀਤਾ ਜਾਵੇਗਾ।

**(xi)** ਪੇਂਡੂ ਸਿੱਖਿਆ ਵਿਕਾਸ ਕਮੇਟੀ ਦੇ ਕਿਸੇ ਵੀ ਮੈਂਬਰ ਦੀ ਅਸਾਮੀ ਤਿੰਨ ਮਹੀਨੇ ਤੋਂ ਵੱਧ ਕਦੇ ਵੀ ਖਾਲੀ ਨਹੀ ਰਹੇਗੀ।

**(xii)** ਪੇਂਡੂ ਸਿੱਖਿਆ ਵਿਕਾਸ ਕਮੇਟੀ ਦੀ ਮਹੀਨਾਵਾਰ ਮੀਟਿੰਗ ਹੋਣਾ ਜ਼ਰੂਰੀ ਹੋਵੇਗਾ। ਲੋੜ ਪੈਣ ਤੇ ਇੱਕ ਤੋਂ ਵੱਧ ਮੀਟਿੰਗ ਵੀ ਕੀਤੀ ਜਾ ਸਕਦੀ ਹੈ। ਇਹ ਮੀਟਿੰਗ ਪਹਿਲਾਂ ਤੋਂ ਨਿਸ਼ਚਿਤ ਕੀਤੀ ਮਿਤੀ ਅਤੇ ਸਮੇਂ ਤੇ ਸਕੂਲ ਵਿੱਚ ਹੀ ਕੀਤੀ ਜਾਵੇਗੀ।

**(xiii)** ਮੀਟਿੰਗ ਦਾ ਨੋਟਿਸ ਮੈਂਬਰ ਸਕੱਤਰ ਵੱਲੋਂ ਜਾਰੀ ਕੀਤਾ ਜਾਵੇਗਾ।

**(xiv)** ਪੇਂਡੂ ਸਿੱਖਿਆ ਵਿਕਾਸ ਕਮੇਟੀ ਦੀ ਮੀਟਿੰਗ ਲਈ 1/3 ਮੈਂਬਰਾਂ ਦਾ ਕੋਰਮ (quorum) ਹੋਣਾ ਜ਼ਰੂਰੀ ਹੈ। ਪਰ ਇਸ ਦੇ ਨਾਲ ਹੀ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਕਿਸੇ ਮੈਂਬਰ ਦੀ ਗ਼ੈਰ-ਹਾਜ਼ਰੀ ਵਜੋਂ ਪੇਂਡੂ ਸਿੱਖਿਆ ਵਿਕਾਸ ਕਮੇਟੀ ਦੀ ਮੀਟਿੰਗ ਜਾਂ ਕਿਸੇ ਵੀ ਕੰਮ ਵਿੱਚ ਰੁਕਾਵਟ ਨਹੀਂ ਆਵੇਗੀ।

**(xv)** ਪੇਂਡੂ ਸਿੱਖਿਆ ਵਿਕਾਸ ਕਮੇਟੀ ਨੂੰ ਸਕੂਲ ਦੇ ਹਿੱਤ ਲਈ ਹਰ ਉਚਿਤ ਫੈਸਲਾ ਲੈਣ ਦਾ ਪੂਰਾ-ਪੂਰਾ ਅਧਿਕਾਰ ਹੋਵੇਗਾ।

**(xvi)** ਪੇਂਡੂ ਸਿੱਖਿਆ ਵਿਕਾਸ ਕਮੇਟੀ ਆਪਣੇ ਹਰ ਫੈਸਲੇ ਜਾਂ ਭਵਿੱਖੀ ਕਾਰਜ ਲਈ ਮਤਾ ਪਾਸ ਕਰੇਗੀ। ਹਰ ਮਤੇ ਤੇ ਭਾਗ ਲੈਣ ਵਾਲੇ ਮੈਂਬਰਾਂ ਦੇ ਹਸਤਾਖ਼ਰ ਹੋਣਗੇ।

**(xvii)** ਮੀਟਿੰਗ ਦੀ ਕਾਰਵਾਈ ਅਤੇ ਪਾਸ ਕੀਤੇ ਮਤੇ ਨੂੰ ਸਕੂਲ ਰਜਿਸਟਰ ਵਿੱਚ ਦਰਜ ਕਰਨ ਦੀ ਜ਼ਿੰਮੇਵਾਰੀ ਮੈਂਬਰ ਸਕੱਤਰ ਦੀ ਹੋਵੇਗੀ।

**(xviii)** ਹਰ ਪਸਵਕ ਵੱਲੋਂ ਸਰਵ ਸਿੱਖਿਆ ਅਭਿਆਨ ਦੀਆਂ ਗਰਾਂਟਾਂ ਲਈ ਵੱਖਰਾ ਖਾਤਾ ਖੁਲਵਾਇਆ ਜਾਵੇਗਾ। ਇਹ ਖਾਤਾ ਮੈਂਬਰ ਸਕੱਤਰ ਅਤੇ ਚੇਅਰਮੈਨ ਦੋਹਾਂ ਵੱਲੋਂ ਸਾਂਝੇ ਤੌਰ ਤੇ ਓਪਰੇਟ ਕੀਤਾ ਜਾਵੇਗਾ।

**(xix)** ਸਕੂਲ ਦਾ ਕੋਈ ਵੀ ਰਿਕਾਰਡ ਪਸਵਕ ਚੇਅਰਮੈਨ ਜਾਂ ਕਿਸੇ ਹੋਰ ਮੈਂਬਰ ਵੱਲੋਂ ਸਕੂਲ ਤੋਂ ਬਾਹਰ ਕਿਸੇ ਵੀ ਹਾਲਤ ਵਿਚ ਕਿਸੇ ਹੋਰ ਥਾਂ ਤੇ ਨਹੀਂ ਮੰਗਵਾਇਆ ਜਾਵੇਗਾ। ਪਸਵਕ ਦੀ ਮੀਟਿੰਗ ਸਕੂਲ ਦੇ ਅੰਦਰ ਹੀ ਹੋਵੇਗੀ। ਸਕੂਲ ਰਿਕਾਰਡ ਅਤੇ ਚੈੱਕ ਆਦਿ ਤੇ ਸਹੀ ਪਾਉਣ ਲਈ ਪਸਵਕ ਚੇਅਰਮੈਨ ਨੂੰ ਖੁਦ ਸਕੂਲ ਵਿਖੇ ਹਾਜ਼ਰ ਹੋਣਾ ਹੋਵੇਗਾ। ਅਜਿਹਾ ਨਾ ਕਰਨ/ ਹੋਣ ਦੀ ਸੂਰਤ ਵਿਚ ਮੈਂਬਰ ਸਕੱਤਰ ਆਪਣੇ ਜ਼ਿਲ੍ਹਿਆਂ ਨੂੰ ਰਿਪੋਰਟ ਕਰਨਗੇ। ਇਸ ਰਿਪੋਰਟ ਦੇ ਅਧਾਰ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਉਸ ਚੇਅਰਮੈਨ ਜਾਂ ਮੈਂਬਰ ਨੂੰ ਕਾਰਣ ਦੱਸੋ ਨੋਟਿਸ ਜਾਰੀ ਕਰ ਕੀਤਾ ਜਾਵੇਗਾ ਅਤੇ unjustified explanation ਦੀ ਸੂਰਤ ਵਿਚ ਉਨ੍ਹਾਂ ਨੂੰ ਪਦਰਹਿਤ ਕਰਨ ਦਾ ਫੈਸਲਾ ਵੀ ਲੈ ਲਿਆ ਜਾਵੇਗਾ।

**(xx)** ਸਰਵ ਸਿੱਖਿਆ ਅਭਿਆਨ ਅਧੀਨ ਸਾਰੀਆਂ ਗਤੀਵਿਧੀਆਂ ਅਤੇ ਕੰਮਾਂ-ਕਾਜਾਂ ਨੂੰ ਹਦਾਇਤਾਂ ਅਨੁਸਾਰ ਸਕੂਲ ਵਿਚ ਪੂਰਾ ਕਰਵਾਉਣਾ ਅਤੇ ਅਕਾਂਉਂਟਸ ਨੂੰ ਮੇਨਟੇਨ ਕਰਨ ਦੀ ਸਮੁੱਚੀ ਜ਼ਿੰਮੇਵਾਰੀ ਮੈਂਬਰ ਸਕੱਤਰ ਦੀ ਹੋਵੇਗੀ।

3.0 ਉਕਤ ਦਿੱਤੀਆਂ ਗਾਈਡ-ਲਾਈਨਜ਼ ਅਨੁਸਾਰ ਕਾਰਵਾਈ ਕਰਨਾ ਯਕੀਨੀ ਬਣਾਇਆ ਜਾਵੇ।

**ਸਹੀ/-**
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**